# ਆਤਮਾ ਵਿਕਾਊ ਹੈ

(ਇਕ ਤੇ ਦੋ ਸਟੇਜ 'ਤੇ ਉਦਾਸ ਬੈਠੇ ਹਨ। ਪਿਛੋਕੜ ਤੋਂ ਆਵਾਜ਼ : ਧਰਤੀ 'ਤੇ ਕਾਲ ਪੈ ਗਿਆ। ਸਧਾਰਨ ਲੋਕ ਭੁੱਖ ਨਾਲ ਮਰਨ ਲੱਗੇ। ਸ਼ੈਤਾਨ ਨੇ ਸੋਚਿਆ ਕਿ ਇਹੋ ਹੀ ਮੌਕਾ ਹੈ, ਜਦੋਂ ਉਹ ਆਪਣੀ ਸ਼ੈਤਾਨੀਅਤ ਦੀ ਖੇਡ ਸਫ਼ਲਤਾ ਨਾਲ ਖੇਡ ਸਕਦਾ ਹੈ। ਉਹਨੇ ਆਪਣੇ ਦੋ ਦੂਤ ਵਣਜਾਰਾ ਅਤੇ ਸੌਦਾਗਰ ਧਰਤੀ 'ਤੇ ਭੇਜੇ।)

ਵਣਜਾਰਾ : (ਇਕ ਤੇ ਦੋ ਨੂੰ) ਤੁਸੀਂ ਉਦਾਸ ਕਿਉਂ ਹੋ ?
ਸੌਦਾਗਰ : ਤੁਹਾਡੇ ਚਿਹਰੇ ਕਿਉਂ ਮੁਰਝਾਏ ਹੋਏ ਨੇ ?
ਇਕ : ਅਸੀਂ ਭੁੱਖੇ ਹਾਂ।
ਦੋ : ਸਾਨੂੰ ਦੋ ਦਿਨ ਦੀ ਰੋਟੀ ਨਹੀਂ ਮਿਲੀ।
ਵਣਜਾਰਾ : ਤੁਹਾਨੂੰ ਰੋਟੀ ਮਿਲ ਸਕਦੀ ਹੈ।
ਸੌਦਾਗਰ : ਤੁਹਾਡੀ ਭੁੱਖ ਦੂਰ ਹੋ ਸਕਦੀ ਹੈ।
ਇਕ : ਕਿਵੇਂ ?
ਦੋ : ਕਿਸ ਤਰ੍ਹਾਂ ?
ਵਣਜਾਰਾ : ਜੇਕਰ ਤੁਸੀਂ ਆਪਣੀ ਆਤਮਾ ਵੇਚ ਦੇਵੋ।
ਸੌਦਾਗਰ : ਜੇਕਰ ਤੁਸੀਂ ਆਪਣੀ ਜ਼ਮੀਰ ਦਾ ਸੌਦਾ ਕਰ ਲਵੋ।
ਇਕ : ਆਤਮਾ ?
ਦੋ : ਜ਼ਮੀਰ ?
ਇਕ : ਪਰ ਕੌਣ ਖਰੀਦੇਗਾ ?
ਦੋ : ਕੌਣ ਮੁੱਲ ਪਾਵੇਗਾ ?
ਵਣਜਾਰਾ : ਮੈਂ ਖਰੀਦਾਂਗਾ, ਮੈਂ ਵਣਜਾਰਾ ਹਾਂ ਆਤਮਾ ਦਾ ਵਣਜ ਕਰਦਾ ਹਾਂ।
ਸੌਦਾਗਰ : ਮੈਂ ਸੌਦਾਗਰ ਹਾਂ, ਜ਼ਮੀਰ ਦਾ ਸੌਦਾ ਕਰਦਾ ਹਾਂ।
ਇਕ : ਨਹੀਂ ਅਸੀਂ ਸਿੱਧੇ ਸਾਦੇ ਕਿਸਾਨ ਹਾਂ ਅਸੀਂ ਆਪਣੀ ਜ਼ਮੀਰ ਨਹੀਂ ਵੇਚ ਸਕਦੇ।
ਦੋ : ਅਸੀਂ ਆਪਣੀ ਆਤਮਾ ਦਾ ਸੌਦਾ ਨਹੀਂ ਕਰ ਸਕਦੇ।
ਵਣਜਾਰਾ : ਜ਼ਮੀਰ ਤੁਹਾਡੀ ਭੁੱਖ ਨਹੀਂ ਮਿਟਾ ਸਕਦੀ।
ਸੌਦਾਗਰ : ਆਤਮਾ ਤੁਹਾਡੇ ਪੇਟ ਦੀ ਖ਼ੁਰਾਕ ਨਹੀਂ।
ਵਣਜਾਰਾ : ਜ਼ਮੀਰ ਇਕ ਬੇਫ਼ਾਇਦਾ ਚੀਜ਼ ਹੈ।

ਸੌਦਾਗਰ : ਮੂਰਖ ਆਦਮੀ ਆਪਣੀ ਜ਼ਮੀਰ ਨੂੰ ਚੰਬੜੇ ਰਹਿੰਦੇ ਨੇ ਤੇ ਭੁੱਖੇ ਮਰਦੇ ਰਹਿੰਦੇ ਨੇ।

ਵਣਜਾਰਾ : ਭੋਲੇ ਲੋਕ ਸਮਝਦੇ ਨੇ ਆਤਮਾ ਬੜੀ ਚੀਜ਼ ਏ, ਉਹ ਆਪਣੀ ਆਤਮਾ ਨੂੰ ਬਚਾਉਂਦੇ ਰਹਿੰਦੇ ਨੇ, ਪਰ ਉਹਨਾਂ ਦਾ ਸਰੀਰ ਮੁੱਕ ਜਾਂਦਾ ਹੈ।

ਸੌਦਾਗਰ : ਜਦ ਸਰੀਰ ਹੀ ਮੁੱਕ ਗਿਆ ਤਾਂ ਆਤਮਾ ਰਹੇਗੀ ਕਿਥੇ ?

ਵਣਜਾਰਾ : ਪਾਗਲਾਂ ਨੂੰ ਸਮਝ ਨਹੀਂ ਹੁੰਦੀ।

ਸੌਦਾਗਰ : ਬੇਵਕੂਫ਼ਾਂ ਨੂੰ ਅਕਲ ਨਹੀਂ ਹੁੰਦੀ।

ਵਣਜਾਰਾ : ਮੂਰਖ ਗੱਲ ਪਿਛੋਂ ਸਮਝਦੇ ਨੇ।

ਸੌਦਾਗਰ : ਸ਼ੋਹਦੇ ਲੋਕ ਪਿਛੋਂ ਸੋਚਦੇ ਨੇ।

*(ਇਕ ਤੇ ਦੋ ਬਿੜਕ ਜਾਂਦੇ ਹਨ ਤੇ ਆਪਸ ਵਿਚ ਸਲਾਹ ਕਰਦੇ ਹਨ।)*

ਇਕ : ਕਹਿੰਦੇ ਤੇ ਇਹ ਠੀਕ ਨੇ।

ਦੋ : ਖਿਆਲ ਇਹਨਾਂ ਦੇ ਚੰਗੇ ਨੇ।

ਇਕ : ਜ਼ਮੀਰ ਨੂੰ ਕਿਸੇ ਨੇ ਹਥੇਲੀ ’ਤੇ ਪਾ ਕੇ ਚੱਟਣਾ ਏਂ ?

ਦੋ : ਆਤਮਾ ਦਾ ਕਿਸੇ ਆਚਾਰ ਪਾਉਣਾ ਏ।

ਇਕ : ਪਹਿਲਾਂ ਪੇਟ ਦੀ ਭੁੱਖ ਮਿਟਣੀ ਚਾਹੀਦੀ ਏ।

ਦੋ : ਪਹਿਲਾਂ ਰੋਟੀ ਮਿਲਣੀ ਚਾਹੀਦੀ ਏ।

ਇਕ : ਅਸੀਂ ਆਪਣੀ ਆਤਮਾ ਵੇਚਾਂਗੇ।

ਦੋ : ਅਸੀਂ ਆਪਣੀ ਜ਼ਮੀਰ ਵੇਚਾਂਗੇ।

ਇਕ : ਨਹੀਂ... ਬੇਜ਼ਮੀਰਾ ਆਦਮੀ ਕੱਖ ਦਾ ਨਹੀਂ, ਘਰ ਦਾ ਨਹੀਂ, ਘਾਟ ਦਾ ਨਹੀਂ, ਦਰ ਦਾ ਨਹੀਂ।

*(ਇਕ ਤੇ ਦੋ ਦਾ ਹੁਣ ਔਰਤ ਵੱਲ ਝੁਕਾਅ ਹੋ ਜਾਂਦਾ ਹੈ।)*

ਇਕ : ਹਾਂ, ਜ਼ਮੀਰ ਤੋਂ ਬਿਨਾਂ ਆਦਮੀ ਕਾਹਦਾ ?

ਦੋ : ਹਾਂ, ਆਤਮਾ ਤੋਂ ਬਿਨਾਂ ਜ਼ਿੰਦਗੀ ਕਾਹਦੀ ?

*(ਫਿਰ ਵਾਪਸ ਤੁਰਨ ਲਗਦੇ ਹਨ।)*

ਸੌਦਾਗਰ : ਇਹ ਇਕ ਔਰਤ ਦੀ ਗੱਲ ਮੰਨ ਗਏ ਨੇ।

ਵਣਜਾਰਾ : ਬੇਵਕੂਫ਼ ਨੇ।

ਸੌਦਾਗਰ : ਔਰਤ ਦੀ ਅਕਲ, ਗੁੱਤ ਪਿੱਛੇ ਹੁੰਦੀ ਏ।

ਵਣਜਾਰਾ : ਇਹ ਰੰਨ ਮੁਰੀਦ ਨੇ।

ਸੌਦਾਗਰ : ਇਹ ਜ਼ਨ ਗੁਲਾਮ ਨੇ।

ਵਣਜਾਰਾ : ਉਹ ਮਰਦ ਕੀ ਜੋ ਜ਼ਨਾਨੀ ਪਿੱਛੇ ਲੱਗੇ।
ਸੌਦਾਗਰ : ਉਹ ਆਦਮੀ ਕੀ ਜੋ ਤੀਵੀ ਮਗਰ ਲੱਗੇ।

*(ਇਕ ਤੇ ਦੋ ਫਿਰ ਥਿੜਕ ਜਾਂਦੇ ਹਨ।)*

ਔਰਤ : ਰੱਬ ਦੇ ਵਾਸਤੇ ਇਹਨਾਂ ਦੇ ਮਗਰ ਨਾ ਲੱਗੋ।
ਇਕ : ਰੱਬ ਦੇ ਵਾਸਤੇ ?
ਦੋ : ਕਿਹੜਾ ਰੱਬ ?
ਸੌਦਾਗਰ : ਜੋ ਤੁਹਾਨੂੰ ਭੁੱਖਾ ਮਾਰਦਾ ਹੈ।
ਵਣਜਾਰਾ : ਜੋ ਤੁਹਾਨੂੰ ਰੋਟੀ ਨਹੀਂ ਦੇ ਸਕਦਾ।
ਇਕ : ਅਸੀਂ ਰੱਬ ਨੂੰ ਨਹੀਂ ਮੰਨਦੇ।
ਦੋ : ਅਸੀਂ ਉਸਦੀ ਹੋਂਦ ਨੂੰ ਸਵੀਕਾਰ ਨਹੀਂ ਕਰਦੇ।
ਇਕ : ਅਸੀਂ ਆਤਮਾ ਵੇਚਾਂਗੇ।
ਦੋ : ਅਸੀਂ ਜ਼ਮੀਰ ਵੇਚਾਂਗੇ।

*(ਉਹਨਾਂ ਵੱਲ ਮੁੜਦੇ ਹਨ।)*

ਇਕ : ਸਾਡੀ ਜ਼ਮੀਰਾਂ ਦਾ ਮੁੱਲ ਚੁਕਾਉ।
ਦੋ : ਸਾਡੀ ਆਤਮਾ ਨੂੰ ਆਪਣਾ ਬਣਾਉ।
ਸੌਦਾਗਰ : ਇਕ ਹੱਥ ਦੇਵੋ।
ਵਣਜਾਰਾ : ਇਕ ਹੱਥ ਲਵੋ।

*(ਮੂਕ ਅਭਿਨੈ ਨਾਲ ਆਤਮਾਵਾਂ ਦਾ ਲੈਣ ਦੇਣ ਹੁੰਦਾ ਹੈ।)*

ਸੌਦਾਗਰ : ਜਾਓ, ਪਹਿਲਾਂ ਭੁੱਖ ਮਿਟਾਓ
ਵਣਜਾਰਾ : ਫੇਰ ਇਥੇ ਮੂੰਹ ਦਿਖਾਓ।
ਸੌਦਾਗਰ : ਤੁਸੀਂ ਹੋ ਗ਼ੁਲਾਮ ਅਸਾਡੇ।
ਵਣਜਾਰਾ : ਅਸੀਂ ਹਾਂ ਮਾਲਕ ਤੁਹਾਡੇ।

*(ਸੌਦਾਗਰ ਤੇ ਵਣਜਾਰਾ ਹੱਸਦੇ ਹਨ, ਦੋਨੋਂ ਗ਼ੁਲਾਮਾਂ ਵਾਂਗ ਫਰਜ਼ੀ ਸਲਾਮ ਕਰਦੇ ਹਨ, ਫਿਰ ਉਹਨਾਂ ਦੀ ਨਜ਼ਰ ਔਰਤ 'ਤੇ ਪੈਂਦੀ ਹੈ।)*

ਸੌਦਾਗਰ : ਇਹ ਔਰਤ ਸਾਡੇ ਜਾਲ ਵਿਚ ਨਹੀਂ ਫਸੀ।
ਵਣਜਾਰਾ : ਫਸ ਜਾਏਗੀ, ਜਦੋਂ ਇਹਦੇ ਬੱਚੇ ਭੁੱਖੇ ਮਰਨਗੇ।
ਸੌਦਾਗਰ : ਔਰਤ ਆਪ ਭੁੱਖੀ ਰਹਿ ਸਕਦੀ ਏ, ਪਰ ਆਪਣੇ ਬੱਚਿਆਂ ਨੂੰ ਭੁਖਿਆਂ ਨਹੀਂ ਦੇਖ ਸਕਦੀ।
ਵਣਜਾਰਾ : ਔਰਤ ਬੱਚਿਆਂ ਪਿਛੇ ਆਪਣੀ ਇੱਜ਼ਤ ਵੇਚ ਸਕਦੀ ਹੈ।
ਸੌਦਾਗਰ : ਆਪਣੀ ਜ਼ਮੀਰ ਵੇਚ ਸਕਦੀ ਏ।

ਵਣਜਾਰਾ : ਅਸੀਂ ਇਸਦੀ ਇੱਜ਼ਤ ਖਰੀਦਾਂਗੇ।

ਸੌਦਾਗਰ : ਪਰ ਸਾਡੇ ਮਾਲਕ ਨੇ ਕਿਹਾ ਕਿ ਸਿਰਫ਼ ਜ਼ਮੀਰ ਖਰੀਦੋ, ਸਿਰਫ਼ ਆਤਮਾ ਖਰੀਦੋ।

ਵਣਜਾਰਾ : ਠੀਕ ਏ, ਜਦੋਂ ਆਤਮਾ ਖਰੀਦੀ ਗਈ ਤਾਂ ਇੱਜ਼ਤ ਵੀ ਖਰੀਦੀ ਗਈ।

*(ਸ਼ੈਤਾਨੀ ਹਾਸਾ ਹੱਸਦੇ ਹਨ।)*

ਸੌਦਾਗਰ : ਹੁਣ ਆਪਣਾ ਕੰਮ ਸ਼ੁਰੂ ਕਰੀਏ।

ਵਣਜਾਰਾ : ਦੋਵਾਂ ਨੂੰ ਚਮਚੇ ਬਣਾਈਏ।

ਸੌਦਾਗਰ : ਗਾਹਕ ਘੇਰ ਲਿਆਉਣ।

*(ਇਕ ਤੇ ਦੋ ਪੇਟ 'ਤੇ ਹੱਥ ਫੇਰਦੇ ਆਉਂਦੇ ਹਲ, ਉਹਨਾਂ ਦੇ ਪੇਟ ਵੱਡੇ ਹੋ ਗਏ ਹਨ ਤੇ ਮੁੱਛਾਂ ਨੀਵੀਆਂ ਹੋ ਗਈਆਂ ਹਨ।)*

ਇਕ : ਮਾਲਕੋ ਹੁਕਮ ਕਰੋ।

ਦੋ : ਸਾਡੀ ਜ਼ਮੀਰ ਤੁਹਾਡੀ।

ਇਕ : ਸਾਡੀ ਆਤਮਾ ਤੁਹਾਡੀ।

ਦੋ : ਅਸੀਂ ਤੁਹਾਡੇ।

ਸੌਦਾਗਰ : ਜਾਓ ਢੋਲ ਵਜਾਓ।

ਵਣਜਾਰਾ : ਪੀਪਾ ਖੜਕਾਓ।

ਸੌਦਾਗਰ : ਲੋਕਾਂ ਨੂੰ ਸਮਝਾਓ।

ਵਣਜਾਰਾ : ਉਹਨਾਂ ਦੇ ਕੰਨੀ ਪਾਓ।

ਸੌਦਾਗਰ : ਆਤਮਾਵਾਂ ਦੇ ਵਣਜਾਰੇ ਆਏ।

ਵਣਜਾਰਾ : ਜ਼ਮੀਰਾਂ ਦੇ ਸੌਦਾਗਰ ਆਏ।

ਸਦਾਗਰ : ਆਤਮਾ ਵੇਚੋ ਰੋਟੀ ਖਾਓ।

ਵਣਜਾਰਾ : ਜ਼ਮੀਰ ਵੇਚੋ ਭੁੱਖ ਮਿਟਾਓ।

*(ਦੋਨੋਂ ਢੋਲ ਅਤੇ ਪੀਪਾ ਲੈਂਦੇ ਹਨ ਅਤੇ ਫਿਰ ਢੰਡੋਰਾ ਪਿੱਟਦੇ ਔਰਤ ਦੇ ਨੇੜੇ ਜਾਂਦੇ ਹਨ।)*

ਇਕ : ਆਤਮਾਵਾਂ ਦੇ ਵਣਜਾਰੇ ਆਏ।

ਦੋ : ਜ਼ਮੀਰਾਂ ਦੇ ਸੌਦਾਗਰ ਆਏ।

ਇਕ : ਆਤਮਾ ਵੇਚੋ ਰੋਟੀ ਖਾਓ।

ਦੋ : ਜ਼ਮੀਰ ਵੇਚੋ ਭੁੱਖ ਮਿਟਾਓ।

ਇਕ : ਆਤਮਾਵਾਂ ਦੇ ਵਣਜਾਰੇ ਆਏ।

ਦੋ : ਜ਼ਮੀਰਾਂ ਦੇ ਸੌਦਾਗਰ ਆਏ।

ਔਰਤ : ਢੋਲ ਵਜਾਓ।
ਪੀਪਾ ਖੜਕਾਓ।
ਮੌਤ ਦੇ ਵਣਜਾਰੇ ਆਏ।
ਕਾਲ ਦੇ ਸੌਦਾਗਰ ਆਏ।

ਇਕ : ਇਹ ਤਾਂ ਮੂਰਖ ਏ।

ਦੋ : ਇਹ ਤਾਂ ਅਕਲੋਂ ਖਾਲੀ ਏ।

ਇਕ : ਇਸਦੀ ਮੱਤ ਗੁੱਤ ਪਿਛੇ।

ਦੋ : ਇਸਦੀ ਅਕਲ ਖੁਰ ਪਿਛੇ।

ਇਕ : ਢੋਲ ਵਜਾਈਏ।

ਦੋ : ਪੀਪਾ ਖੜਕਾਈਏ।

ਇਕ : ਆਤਮਾ ਦੇ ਵਣਜਾਰੇ ਆਏ।

ਦੋ : ਜ਼ਮੀਰਾਂ ਦੇ ਸੌਦਾਗਰ ਆਏ।

*(ਵਿੰਗ ਦੇ ਇਕ ਪਾਸੇ ਨਿਕਲਦੇ ਹਨ ਤੇ ਫੇਰ ਥੋੜ੍ਹੀ ਦੇਰ ਬਾਅਦ ਉਹ ਢੰਡੋਰਾ ਪਿੱਟਦੇ ਫੇਰ ਵਿੰਗ ਵਿਚੋਂ ਨਿਕਲਦੇ ਹਨ ਲੋਕ ਹੌਲੇ ਹੌਲੇ ਇਕੱਠੇ ਹੋ ਰਹੇ ਹਨ।)*

ਇਕ : ਸੁਣੋ ਸੁਣੋ ਲੋਕੋ।

ਦੋ : ਸੁਣੋ ਸੁਣੋ ਬਾਪੂ ਆਦਮ ਦੇ ਪੁੱਤਰੋ।

ਇਕ : ਮਾਈ ਹਵਾ ਦੇ ਬੱਚਿਓ।

ਦੋ : ਯੁਵਕੋ ਤੇ ਯੁਵਕੀਓ।

ਇਕ : ਨੱਢੇ ਤੇ ਨੱਢੀਓ।

ਦੋ : ਮਾਤਾਵੋ ਤੇ ਭੈਣੋ।

ਇਕ : ਪਿਓ ਤੇ ਵਹੁਟੀਓ।

ਦੋ : ਇਸ ਧਰਤੀ ਦੇ ਭਾਗ ਜਾਗੇ।

ਇਕ : ਇਸ ਧਰਤੀ ਤੇ ਨਿਆਮਤਾਂ ਦੀ ਵਰਖਾ ਹੋਈ।

ਦੋ : ਵਣਜਾਰੇ ਆਏ।

ਇਕ : ਸੌਦਾਗਰ ਆਏ।

ਦੋ : ਸੋਨਾ ਦੇਂਦੇ ਮੁਫ਼ਤੋ ਮੁਫ਼ਤੀ।

ਇਕ : ਪੈਸੇ ਵੰਡਦੇ ਹੱਥੋਂ ਹੱਥੀਂ।

*(ਲੋਕਾਂ ਵਿਚ 'ੳ' ਅਤੇ 'ਅ' ਬਾਹਰ ਆਉਂਦੇ ਹਨ।)*

ਇਕ : ਹਾਂ ਸੋਨਾ ਦੇਂਦੇ ਆਤਮਾ ਲੈਂਦੇ।

ਦੋ : ਪੈਸਾ ਦੇਂਦੇ ਜ਼ਮੀਰ ਲੈਂਦੇ।

ੳ : ਆਤਮਾ ?

ਅ : ਜ਼ਮੀਰ ?
ਇਕ : ਹਾਂ ਇਕ ਬੇਫ਼ਾਇਦਾ ਚੀਜ਼।
ਦੋ : ਇਕ ਵਾਧੂ ਦਾ ਭਾਰ।

*(ਢੋਲ ਵਜਾਉਂਦੇ ਪੀਪਾ ਖੜਕਾਉਂਦੇ ਚਲੇ ਜਾਂਦੇ ਹਨ। ੳ ਅਤੇ ਅ ਆਪਸ ਵਿਚ ਗੱਲਾਂ ਕਰਦੇ ਹਨ।)*

ੳ : ਇਹ ਕਿਹੋ ਜਿਹੇ ਸੌਦਾਗਰ ਨੇ ?
ਅ : ਇਹ ਕਿਹੋ ਜਿਹੇ ਵਣਜਾਰੇ ਨੇ ?
ੳ : ਸੌਦਾ ਤਾਂ ਹੁੰਦਾ ਕਣਕ ਦਾ।
ਅ : ਵਣਜ ਤਾਂ ਹੁੰਦਾ ਏ ਡੰਗਰ ਦਾ।
ੳ : ਸੌਦਾ ਤਾਂ ਹੁੰਦਾ ਏ ਕੱਪੜੇ ਦਾ।
ਅ : ਵਣਜ ਤਾਂ ਹੁੰਦਾ ਏ ਖੇਤੀ ਦਾ।
ੳ : ਇਹ ਆਤਮਾ ਦਾ ਸੌਦਾ ਕਰਦੇ।
ਅ : ਇਹ ਜ਼ਮੀਰ ਦਾ ਵਣਜ ਕਰਦੇ।
ੳ : ਇਹੋ ਜਿਹੀ ਗੱਲ ਅੱਗੇ ਕਦੇ ਨਹੀਂ ਸੁਣੀ।
ਅ : ਇਹੋ ਜਿਹੀ ਗੱਲ ਅੱਗੇ ਕਦੇ ਨਹੀਂ ਕੰਨੀ ਪਈ।
ੳ : ਇਹੋ ਜਿਹੀ ਗੱਲ ਕਿਸੇ ਨਾ ਕਹੀ।
ਅ : ਇਹੋ ਜਿਹੀ ਗੱਲ ਕਿਸੇ ਨਾ ਮੂੰਹੋਂ ਕਹੀ।
ੳ : ਪਰ ਇਹ ਆਤਮਾ ਹੈ ਕਿਥੇ ?
ਸੌਦਾਗਰ : ਮੈਂ ਦੱਸਦਾ ਹਾਂ।
ਵਣਜਾਰਾ : ਮੈਂ ਚਾਨਣ ਪਾਉਂਦਾ ਹਾਂ।
ਔਰਤ : ਚੀਜ਼ ਲੋਕਾਂ ਦੀ, ਚਾਨਣ ਇਹ ਪਾਉਂਦੇ ਹਨ।

*(ਹੱਸਦੀ ਹੈ।)*

ਸੌਦਾਗਰ : ਇਹ ਹੱਸਦੀ ਏ।
ਵਣਜਾਰਾ : ਇਹ ਦੰਦ ਕੱਢਦੀ ਏ।
ਸੌਦਾਗਰ : ਇਸਦੀ ਗੱਲ ਨਾ ਸੁਣ।
ਵਣਜਾਰਾ : ਇਸਦੇ ਵੱਲ ਧਿਆਨ ਨਾ ਦੇਵੋ।
ਸੌਦਾਗਰ : ਔਰਤ ਦੀ ਜੋ ਗੱਲ ਸੁਣੇ।
ਵਣਜਾਰਾ : ਉਹ ਰੰਨ ਮੁਰੀਦ-ਜਨ ਗ਼ੁਲਾਮ।

*(ੳ ਤੇ ਅ ਫਿਰ ਉਹ ਵੱਲ ਧਿਆਨ ਦੇਂਦੇ ਹਨ।)*

ਸੌਦਾਗਰ : ਆਤਮਾ ਨਾਂ ਦੀ ਚੀਜ਼ ਸਰੀਰ ਵਿਚ ਵਸਦੀ।
ੳ : ਖੱਬੇ ਪਾਸੇ ਕਿ ਸੱਜੇ ਪਾਸੇ ?

ਸੌਦਾਗਰ : ਨਾ ਇਹ ਖੱਬੇ ਨਾ ਸੱਜੇ।
ਵਣਜਾਰਾ : ਇਹ ਵਿਚ ਵਿਚਾਲੇ ਲਟਕੇ।
ਸੌਦਾਗਰ : ਬੇਫ਼ਾਇਦਾ ਜਹੀ।
ਵਣਜਾਰਾ : ਬੇਮਤਲਬ ਜਹੀ।
ੳ : ਫ਼ਾਇਦਾ ਕੋਈ ਨਹੀਂ, ਤੁਸੀਂ ਕਿਉਂ ਲੈਂਦੇ ?
ਅ : ਤੁਸੀਂ ਕਿਉਂ ਸੋਨਾ ਦੇਂਦੇ ?
ਸੌਦਾਗਰ : ਅਸੀਂ ਮੂਰਖ ਸੌਦਾਗਰ।
ਵਣਜਾਰਾ : ਤਰਸਵਾਨ ਵਣਜਾਰੇ।
ਔਰਤ : ਨਹੀਂ ਇਹ ਚਤੁਰ ਸੌਦਾਗਰ, ਲੱਖਾਂ ਦੀ ਚੀਜ਼ ਕੌਡੀਓਂ ਮੰਗਦੇ।
ੳ : ਲੱਖਾਂ ਦੀ ਚੀਜ਼ ?
ਔਰਤ : ਹਾਂ।
ਅ : ਕਿਵੇਂ ?
ਔਰਤ : ਆਤਮਾ ਮਨੁੱਖ ਨੂੰ ਪਿਆਰ ਕਰਨਾ ਸਿਖਾਵੇ।
ੳ : ਪਿਆਰ ?
ਔਰਤ : ਮਨੁੱਖ ਨੂੰ ਤਰਸ ਕਰਨਾ ਸਿਖਾਵੇ।
ੳ : ਤਰਸ ?
ਔਰਤ : ਮਨੁੱਖ ਨੂੰ ਬੁਰੇ ਭਲੇ ਦੀ ਪਹਿਚਾਣ ਕਰਾਵੇ।
ਅ : ਬੁਰੇ ਭਲੇ ਦੀ ?
ਔਰਤ : ਮਨੁੱਖ ਨੂੰ ਮਨੁੱਖ ਬਣਾਏ।
ਸੌਦਾਗਰ : ਪਰ ਮਨੁੱਖ ਨੂੰ ਭੁੱਖ ਦਿਖਾਏ।
ਸੌਦਾਗਰ : ਆਤਮਾ ਇਕ ਫੂਕ ਹੈ।
ਵਣਜਾਰਾ : ਮਨੁੱਖ ਨੂੰ ਮਨੁੱਖ ਬਣਾਏ।
ਸੌਦਾਗਰ : ਹਾਂ, ਹਾਂ ਮਨੁੱਖ ਨੂੰ ਮਨੁੱਖ ਬਣਾਏ।
ਵਣਜਾਰਾ : ਪਰ ਮਨੁੱਖ ਨੂੰ ਭੁੱਖ ਦਿਖਾਵੇ।
ਸੌਦਾਗਰ : ਆਤਮਾ ਇਕ ਫੂਕ ਹੈ।
ਵਣਜਾਰਾ : ਮਨੁੱਖ ਨੂੰ ਹਵਾ ਵਿਚ ਉਡਾਏ।
ਸੌਦਾਗਰ : ਤੇ ਫਿਰ ਜ਼ਮੀਨ 'ਤੇ ਪਟਕਾਏ।

*(ਹੱਸਦਾ ਹੈ)*

ੳ : ਅਸੀਂ ਭੁੱਖ ਹਾਂ ਕੀ ਆਤਮਾ ਰੋਟੀ ਦੇ ਸਕਦੀ ਹੈ ?
ਅ : ਕੀ ਜ਼ਮੀਰ ਭੁੱਖ ਮਿਟਾ ਸਕਦੀ ਹੈ ?
ਸੌਦਾਗਰ : ਸਵਾਲ ਦਾ ਕੋਈ ਜਵਾਬ ਨਹੀਂ।
ਵਣਜਾਰਾ : ਪ੍ਰਸ਼ਨ ਦਾ ਕੋਈ ਉੱਤਰ ਨਹੀਂ।

ਔਰਤ : ਕੀ ਮਨੁੱਖ ਸਿਰਫ਼ ਰੋਟੀ ਲਈ ਪੈਦਾ ਹੋਇਆ ਹੈ ?

ੳ : ਪੇਟ ਨਾ ਪਈਆਂ ਰੋਟੀਆਂ।

ਇਕ-ਦੋ : (ਆਉਂਦੇ ਹੋਏ) ਸਭੇ ਗੱਲਾਂ ਖੋਟੀਆਂ।

ਇਕ : ਆਤਮਾ ਦੇ ਵਣਜਾਰੇ ਆਏ।

ਦੋ : ਜ਼ਮੀਰਾਂ ਦੇ ਸੌਦਾਗਰ ਆਏ।

ਇਕ : ਸਮਾਂ ਨਾ ਗਵਾਓ।

ਦੋ : ਵੇਲਾ ਨਾ ਗਵਾਓ

*(ਡੱਗ ਡੱਗ ਡੱਗ)*

ਇਕ : ਇਕ ਹੱਥ ਦੇਵੋ।

ਦੋ : ਦੂਜੇ ਹੱਥ ਲਵੋ।

*(ਹੁਣ ਸਟੇਜ ਦੇ ਉਤੇ ਵੀ ਰੌਲਾ ਜਿਹਾ ਪਿਆ ਹੋਇਆ ਹੈ, ਜਿਸ ਤਰ੍ਹਾਂ ਕੋਈ ਮੰਡੀ ਲੱਗੀ ਹੈ। ਇਕ ਵਿਉਪਾਰੀ ਕਿਸਮ ਦਾ ਆਦਮੀ ਅੱਗੇ ਆਉਂਦਾ ਹੈ।)*

ੳ : ਬਹੁਤ ਵੱਡਾ ਆਦਮੀ।

ਅ : ਇਹਦੀ ਆਤਮਾ ਦਾ ਮੁੱਲ ਵੱਡਾ ਸਾਰਾ।

ਵਿਉਪਾਰੀ : ਇਹ ਲਓ ਆਤਮਾ, ਇਹਦਾ ਮੁੱਲ ਚੁਕਾਓ

ਸੌਦਾਗਰ : (ਹੱਥ ਵਧਾਉਂਦੇ ਲੈਂਦੇ ਹੋਏ, ਪਰ ਫੇਰ ਹਥੇਲੀ 'ਤੇ ਦੇਖਦੇ ਹੋਏ।) ਕਿਥੇ ?

ਵਣਜਾਰਾ : ਇਥੇ ਤਾਂ ਕੁਝ ਵੀ ਨਹੀਂ ਦਿੱਸਦਾ।

ਸੌਦਾਗਰ : ਇਥੇ ਤਾਂ ਕੁਝ ਵੀ ਨਹੀਂ ਲੱਭਦਾ।

*(ਵਿਉਪਾਰੀ ਹੈਰਾਨ ਪਰੇਸ਼ਾਨ ਹੈ।)*

ਵਿਉਪਾਰੀ : 'ਹੈਂ' ਮੇਰੀ ਆਤਮਾ ਕਿਥੇ ਗਈ ?

*(ਮੂਕ ਐਕਸ਼ਨ ਵਿਚ ਉਹਦੀ ਤੜਪਣ ਹੈ।)*

ਵਿਉਪਾਰੀ :
ਕਿਥੇ ਗਈ ਮੇਰੀ ਆਤਮਾ ?
ਲੋਕੋ ਮੇਰੀ ਆਤਮਾ ਕਿਥੇ ਗਈ ?
ਮੈਂ ਸ਼ਹਿਰ ਦਾ ਵੱਡਾ ਵਪਾਰੀ।
ਮੇਰੀ ਸ਼ਾਮ ਬੜੀ ਨਿਰਾਲੀ।
ਮੇਰੀ ਆਤਮਾ ਕਿਥੇ ਗਈ ?
ਕਿਥੇ ਗਈ ?
ਕਿਥੇ ਗਈ ?

ਔਰਤ : ਮੈਂ ਦੱਸਦੀ ਹਾਂ ਕਿਥੇ ਗਈ ?

ਵਿਉਪਾਰੀ : ਮੇਰੀ ਆਤਮਾ ਕਿਥੇ ਗਈ ? ਹਾਏ ਮੇਰੀ ਆਤਮਾ ਕਿਥੇ ਗਈ ?

ਔਰਤ : ਤੇਰੀ ਆਤਮਾ ਉਸ ਵੇਲੇ ਮੋਈ ਜਦੋਂ ਤੋਂ ਕਾਲਾ ਧੰਦਾ ਕੀਤਾ।
ਕਾਲਾ ਧੰਦਾ।
ਖੋਟਾ ਧੰਦਾ।

ੳ : ਕਾਲਾ ਧੰਦਾ ?

ਅ : ਖੋਟਾ ਧੰਦਾ ?

ਸੌਦਾਗਰ : ਆਤਮਾ ਹੀ ਨਹੀਂ, ਕੀ ਸੌਦਾ ਕਰੀਏ ?

ਵਣਜਾਰਾ : ਜ਼ਮੀਰ ਹੀ ਨਹੀਂ, ਕੀ ਮੁੱਲ ਚੁਕਾਈਏ ?

*(ਲੋਕ ਹੱਸਦੇ ਹਨ ਤੇ ਵਿਉਪਾਰੀ ਬਾਹਰ ਨਿਕਲ ਜਾਂਦਾ ਹੈ।)*

ਸੌਦਾਗਰ : ਇਕ ਤਾਂ ਮਗਰੋਂ ਲੱਥਾ।

ਵਣਜਾਰਾ : ਇਸਦੀ ਮੁੱਛ ਨੀਵੀਂ ਹੋਈ।

*(ਫੇਰ ਡੱਗ ਡੱਗ ਡੱਗ ਵਜਦੀ ਹੈ, ਰੌਲਾ ਪੈਂਦਾ ਹੈ ਇਕ ਡਾਕਟਰ ਆਉਂਦਾ ਹੈ ਤੇ ਫੇਰ ਚੁੱਪ ਹੋ ਜਾਂਦੀ ਹੈ।)*

ਡਾਕਟਰ : ਮੈਂ ਸ਼ਹਿਰ ਦਾ ਵੱਡਾ ਡਾਕਟਰ, ਰੋਗੀਆਂ ਨੂੰ ਅਰੋਗ ਹਾਂ ਕਰਦਾ, ਮੌਤ ਤੋਂ ਉਹਨਾਂ ਨੂੰ ਪਰੇ ਲਿਜਾਂਦਾ।

*(ੳ ਅਤੇ ਅ ਆਪਸ ਵਿਚ ਪਰੇ ਗੱਲਾਂ ਕਰਦੇ ਹਨ।)*

ੳ : ਇਹ ਤਾਂ ਵੱਡਾ ਡਾਕਟਰ।

ਅ : ਹਸਪਤਾਲਾਂ ਦਾ ਮਾਲਕ।

ੳ : ਇਹਦੀ ਆਤਮਾ ਵੱਡੀ ਸਾਰੀ।

ਅ : ਜ਼ਮੀਰ ਦਾ ਮੁੱਲ ਵੱਡਾ ਸਾਰਾ।

*(ਡਾਕਟਰ ਬੜੀ ਆਕੜ ਨਾਲ ਅੱਗੇ ਆਉਂਦਾ ਹੈ। ਸੌਦਾਗਰ ਅਤੇ ਵਣਜਾਰਾ ਮੂਕ ਐਕਟਿੰਗ ਨਾਲ ਉਹਦੀ ਆਤਮਾ ਕੱਢਦੇ ਹਨ। ਉਹਨਾਂ ਦਾ ਐਕਸ਼ਨ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਵੱਡੇ ਸਾਈਜ਼ ਦੀ ਕੋਈ ਚੀਜ਼ ਪਰਖ ਰਹੇ ਹਨ।)*

ਸੌਦਾਗਰ : (ਸਿਰ ਮਾਰਦੇ ਹੋਏ) ਇਹ ਤਾਂ ਘੁਣ ਮਾਰੀ।

ਵਣਜਾਰਾ : (ਸਿਰ ਮਾਰਦੇ ਹੋਏ) ਇਹ ਤਾਂ ਕੀੜੇ ਖਾਧੀ।

ਸੌਦਾਗਰ : ਇਹਦਾ ਮੁੱਲ ਇਕ ਕੌਡੀ।

ਵਣਜਾਰਾ : ਇਹਦਾ ਮੁੱਲ ਡੇਢ ਕੌਡੀ।

ੳ : ਏਡੀ ਵੱਡੀ ਆਤਮਾ ਮੁੱਲ ਇਕ ਕੌਡੀ ?

ਅ : ਮੁੱਲ ਡੇਢ ਕੌਡੀ ?

*(ਡਾਕਟਰ ਦੇ ਚਿਹਰੇ 'ਤੇ ਘਬਰਾਹਟ ਦੇ ਚਿੰਨ੍ਹ)*

ਸੌਦਾਗਰ : ਵੱਡੀ ਚੀਜ਼ ਪਰ ਘੁਣ ਖਾਧੀ।

ਵਣਜਾਰਾ : ਕੀਮਤੀ ਵਸਤੂ ਪਰ ਕੀੜੇ ਮਾਰੀ।

ਡਾਕਟਰ : ਇਹਨੂੰ ਕੀੜੇ ਕਿਥੋਂ ਖਾਧਾ ?

ਔਰਤ : ਇਸਨੂੰ ਕੀੜੇ ਉਸ ਵੇਲੇ ਖਾਧਾ, ਜਦ ਨਾ ਤੂੰ ਆਪਣਾ ਫਰਜ਼ ਪਛਾਤਾ। ਗਰੀਬ ਤੇਰੇ ਦਰ 'ਤੇ ਮਰਿਆ, ਨਾ ਉਹਦਾ ਤੂੰ ਰੋਗ ਪਛਾਤਾ।

ਸੌਦਾਗਰ : ਘੁਣ ਖਾਧੀ ਆਤਮਾ ਦਾ ਮੁੱਲ ਇਕ ਕੌਡੀ।

ਵਣਜਾਰਾ : ਕੀੜੇ ਮਾਰੀ ਜ਼ਮੀਰ ਦਾ ਮੁੱਲ ਭੁਢ ਕੌਡੀ।

*(ਲੋਕ ਹੱਸਦੇ ਹਨ ਤੇ ਉਹ ਸ਼ਰਮਿੰਦਾ ਹੋ ਕੇ ਚਲਾ ਜਾਂਦਾ ਹੈ।)*

ਸੌਦਾਗਰ : ਇਹ ਵੀ ਮਗਰੋਂ ਲੱਥਾ।

ਵਣਜਾਰਾ : ਕਮ ਖਸ ਜਹਾਨ ਪਾਕ।

*(ਢੰਡੋਰਚੀ ਫੇਰ ਢੰਡੋਰਾ ਪਿੱਟਣ ਲਗ ਪੈਂਦੇ ਹਨ, ਲੋਕਾਂ ਦਾ ਖੱਪ ਰੌਲਾ ਫੇਰ ਸ਼ੁਰੂ ਹੋ ਜਾਂਦਾ ਹੈ।)*

ਇਕ : ਆਓ ਆਤਮਾ ਵੇਚੋ ਸੋਨਾ ਖੱਟੋ।

ਦੋ : ਜ਼ਮੀਰ ਵੇਚੋ, ਪੈਸਾ ਬਣਾਓ।

ੳ : ਤੂੰ ਆਪਣੀ ਆਤਮਾ ਵੇਚ ਦੇ।

ਅ : ਮੈਂ?

ੳ : ਪਰ ਤੇਰੀ ਤਾਂ ਪਹਿਲੇ ਹੀ ਵਿਕੀ ਹੋਈ ਏ।

ਅ : ਤੇਰੀ ਬੜੀ ਤੇਰੀ ਕੋਲ ਏ ?

ੳ : ਤੂੰ ਮੈਥੋਂ ਭੁੱਲਿਆ ਹੋਇਆ ਐ।

ਅ : ਤੇ ਤੂੰ ਮੈਥੋਂ ਭੁੱਲਿਆ ਹੋਇਆ ਏਂ।

ੳ : ਕਿਉਂ ਮੈਂ ਕੀ ਕੀਤਾ ?

ਅ : ਤੂੰ ਅਫ਼ਸਰ ਦੇ ਘਰ ਘਿਓ ਨਹੀਂ ਪਹੁੰਚਾਇਆ।

ੳ : ਤੇ ਤੂੰ ਫ਼ਲਾਂ ਦਾ ਟੋਕਰਾ ਨਹੀਂ ਦੇ ਕੇ ਆਇਆ ?

ਅ : ਫ਼ਲ ਤੇ ਮੇਰੇ ਆਪਣੇ ਬਾਗ਼ ਦੇ ਸੀ।

ੳ : ਘਿਉ ਤਾਂ ਮੇਰੀ ਆਪਣੀ ਮਹਿੰ ਦਾ ਸੀ।

ਅ : ਚਲ ਚਲ ਬੇਅਣਖਾ ਜਿਹਾ।

ੳ : ਚਲ ਚਲ ਬੇਜ਼ਮੀਰਾ ਜਿਹਾ।

ਸੌਦਾਗਰ : ਇਹ ਵੀ ਖਾਲੀ।

ਵਣਜਾਰਾ : ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ।

*(ਢੰਡੋਰਚੀ ਫੇਰ ਢੋਲ ਖੜਕਾਉਣ ਲੱਗ ਪੈਂਦੇ ਨੇ। ਇਕ ਕਵੀ ਆਉਂਦਾ ਹੈ। ਉਸਦੀ ਡਰੈਸ ਉਸ ਤਰ੍ਹਾਂ ਦੀ ਹੈ, ਗੁੰਮਸੁੰਮ ਹੋਇਆ ਆਪਣੇ ਧਿਆਨ ਵਿਚ ਲਿਖੀ ਜਾਂਦਾ ਹੈ। ਉਹਦੇ ਕੰਨਾਂ ਦੇ ਕੋਲ*

*ਜਦੋਂ ਡੱਗ ਡੱਗ ਹੁੰਦੀ ਹੈ ਤਾਂ ਤ੍ਰਭਕਦਾ ਹੈ।*

ਕਵੀ : ਇਹ ਰੌਲਾ ਕਾਹਦਾ ਏ ?

ਇਕ : ਆਤਮਾ ਦੇ ਵਣਜਾਰੇ ਆਏ।

ਦੋ : ਜ਼ਮੀਰਾਂ ਦੇ ਸੌਦਾਗਰ ਆਏ।

ਇਕ : ਆਤਮਾ ਵੇਚੋ ਸੋਨ ਲਵੋ।

ਦੋ : ਜ਼ਮੀਰ ਵੇਚੋ ਪੈਸਾ ਵੱਟੋ।

*(ਕਵੀ ਵਾਪਸ ਤੁਰ ਆਉਂਦਾ ਹੈ, ਜਿਸ ਤਰ੍ਹਾਂ ਕੋਈ ਦਿਲਚਸਪੀ ਨਹੀਂ।)*

ਕਵੀ : ਅਸੀਂ ਤਾਂ ਯਾਰੇ।
ਆਪਣਾ ਦਿਲ ਜਾਨ ਆਤਮਾ।
ਉਸਦੇ ਕਦਮ 'ਤੇ ਹਾਰੇ।
ਜ਼ੁਲਫ਼ਾਂ 'ਤੇ ਵਾਰੇ।

ੳ : ਕਿਦ੍ਹੇ ?

ਅ : ਮਹਿਬੂਬ ਦੇ।

ਸੌਦਾਗਰ : ਇਹ ਦਿਲ ਫੈਂਕ ਆਸ਼ਕ।

ਵਣਜਾਰਾ : ਅਸਲੋਂ ਨਕਾਰਾ।

ਸੌਦਾਗਰ : ਜਿਹੋ ਜਿਹਾ ਆਇਆ।

ਵਣਜਾਰਾ : ਉਹੋ ਜਿਹਾ ਗਿਆ।

*(ਬੱਚੇ ਮਾਂ ਨਾਲ ਗੱਲਾਂ ਕਰਦੇ ਹਨ।)*

ਨਿੱਕਾ : ਮਾਂ, ਬਹੁਤ ਭੁੱਖ ਲੱਗੀ ਏ।

ਗੁੱਗੀ : ਮੈਨੂੰ ਇਥੇ ਪੀੜ ਹੁੰਦੀ ਏ।

ਮਾਂ : ਤੁਸੀਂ ਇਥੇ ਬੈਠੋ ਮੈਂ ਤੁਹਾਡੇ ਲਈ ਰੋਟੀ ਲਿਆਉਂਦੀਹਾਂ।

ਨਿੱਕਾ : ਮਾਂ ਛੇਤੀ ਆਵੀਂ।

ਇਕ : ਆਤਮਾ ਦੇ ਵਣਜਾਰੇ ਆਏ।

*(ਮਾਂ ਜਾਂਦੀ ਹੈ, ਮਾਸਟਰ ਆਉਂਦਾ ਹੈ।)*

ਦੋ : ਜ਼ਮੀਰਾਂ ਦੇ ਵਣਜਾਰੇ ਆਏ।

*(ਡੱਗ ਡੱਗ)*

ੳ : ਮਾਸਟਰ ਜੀ, ਜ਼ਮੀਰ ਦਾ ਸੌਦਾ ਕਰ ਲੋ।

ਅ : ਇਹਨਾਂ ਦੀ ਜ਼ਮੀਰ ਤਾਂ ਪਹਿਲੇ ਵਿਕੀ ਹੋਈ ਏ।

ੳ : ਕਿਉਂ ?

ਅ : ਇਹ ਪੈਸੇ ਲੈ ਕੇ ਪਾਸ ਕਰਦੇ ਨੇ।

ੳ : ਪੈਸੇ ਲੈ ਕੇ ਫੇਹਲ ਕਰਦੇ ਨੇ।
ਅ : ਮੁੰਡਿਆਂ ਨੂੰ ਕਹਿੰਦੇ ਨੇ 'ਸੱਚ ਬੋਲੋ'।
ੳ : ਆਪ ਰੋਜ਼ ਝੂਠ ਬੋਲਦੇ ਨੇ।
ਅ : ਮੁੰਡਿਆਂ ਨੂੰ ਕਹਿੰਦੇ ਨੇ ਇਮਾਨਦਾਰ ਬਣੋ।
ੳ : ਤੇ ਆਪ,ਉਹਨਾਂ ਦੀਆਂ ਫ਼ੀਸਾਂ ਖਾ ਜਾਂਦੇ ਨੇ।
ਸੌਦਾਗਰ : ਇਹ ਮਾਸਟਰ ਹਨ ਡਾਢੇ ਚੰਗੇ।
ਵਣਜਾਰਾ : ਇਸ ਹਮਾਮ ਵਿਚ ਸਾਰੇ ਨੰਗੇ।

*(ਬਾਹਰ ਫੇਰ ਢੰਡੋਰਾ ਹੁੰਦਾ ਹੈ ਆਤਮਾ ਦੇਵੋ, ਆਤਮਾ ਦੇ ਵਣਜਾਰੇ ਆਏ ਜ਼ਮੀਰ ਵੇਚੋ, ਜ਼ਮੀਰਾਂ ਦੇ ਸੌਦਾਗਰ ਆਏ ਇਕ ਚਿੱਟ ਕੱਪੜਾ ਸੰਤ ਆਉਂਦਾ ਹੈ।)*

ਸੰਤ : ਕਿਥੇ ਨੇ ਉਹ ਸੌਦਾਗਰ ?
ਕਿਥੇ ਨੇ ਉਹ ਵਣਜਾਰੇ ?
ਸੌਦਾਗਰ : ਕੌਣ ਏ ਤੂੰ ?
ਵਣਜਾਰਾ : ਕੀ ਕੰਮ ਏ ਤੇਰਾ ?
ਸੰਤ : ਧਰਮਾਂ ਦਾ ਸੇਵਕ।
ਆਤਮਾਵਾਂ ਦਾ ਰਖਵਾਲਾ।
ਸੌਦਾਗਰ : ਤੂੰ?
ਸੰਤ : ਹਾਂ। (ਉਹ ਹੱਸਦੇ ਹਨ)
ਸੌਦਾਗਰ : ਅਸੀਂ ਤੈਨੂੰ ਖ਼ੂਬ ਪਛਾਤਾ।
ਵਣਜਾਰਾ : ਤੂੰ ਤੇ ਅਸਾਡਾ ਯਾਰ ਪੁਰਾਣਾ।
ਸੌਦਾਗਰ : ਰਲਮਿਲ ਜਨਤਾ ਬੁੱਧੂ ਬਨਾਣਾ।
ਵਣਜਾਰਾ : ਤੇਰਾ ਅਸਾਡਾ ਕੰਮ ਪੁਰਾਣਾ।
ਸੌਦਾਗਰ : ਜ਼ਮੀਰ ਆਤਮਾ ਨਾ ਤੇਰੇ ਪੱਲੇ।
ਵਣਜਾਰਾ : ਲੱਖ ਭਾਵੇਂ ਤੂੰ ਚਾਲਾਂ ਚੱਲੇ।
ੳ : ਲੋਕਾਂ ਦੀਆਂ ਆਤਮਾਵਾਂ ਦਾ ਰਖਵਾਲਾ।
ਅ : ਪਰ ਆਪਣੀ ਆਤਮਾ ?
ੳ : ਕੋਈ ਨਾ ਕੋਈ ਨਾ।

*(ਉਹ ਵੀ ਜਾਂਦਾ ਹੈ।)*

ਸੌਦਾਗਰ : ਇਹ ਵੀ ਗਿਆ।
ਵਣਜਾਰਾ : ਕੰਮ ਖ਼ਾਸ ਜਹਾਨ ਪਾਕ।

*(ਬਾਹਰੋਂ ਫੇਰ ਆਵਾਜ਼ ਆਉਂਦੀ ਹੈ। ਉਡੀਕ ਕਰਦੇ ਹਨ ਪਰ ਕੋਈ ਨਹੀਂ ਆਉਂਦਾ।)*

ਸੌਦਾਗਰ : ਉਸਤਾਦ ਜੀ, ਇਹ ਧਰਤੀ ਦਾ ਕਿਹੜਾ ਟੋਟਾ ?
ਜਿਥੇ ਆਤਮਾਵਾਂ ਦੀ ਮੰਡੀ ਇਤਨੀ ਮੰਦੀ।

ਵਣਜਾਰਾ : ਨਾਂ ਦਾ ਪਤਾ ਨਹੀਂ ਸ਼ਿਸ਼ ਜੀ
ਤੁਸੀਂ ਨਿਸ਼ਾਨੀਆਂ ਵੇਖ ਲਵੋ ਆਪਣੇ ਗੁਰੂ ਜੀ ਕੋਲੋਂ ਪੁੱਛਾਂਗੇ।

ਸੌਦਾਗਰ : ਇਸਦੇ ਉੱਤਰ ਵਿਚ ਉੱਚਾ ਪਹਾੜ ਏ।

ਵਣਜਾਰਾ : ਦੱਖਣ ਵਿਚ ਸਾਗਰ ਏ।

ਸੌਦਾਗਰ : ਗੁੰਬਦਾਂ ਵਰਗੇ ਰੱਬ ਦੇ ਕਈ ਘਰ ਨੇ।

ਵਣਜਾਰਾ : ਕਿਸੇ ਨੂੰ ਮਸਜਿਦ ਕਹਿੰਦੇ ਨੇ ਕਿਸੇ ਨੂੰ ਮੰਦਰ।
ਕਹਿੰਦੇ ਨੇ ਤੇ ਕਿਸੇ ਨੂੰ ਗੁਰਦੁਆਰੇ।

ਸੌਦਾਗਰ : ਰੱਬ ਦੇ ਏਨੇ ਸਾਰੇ ਘਰ।

ਵਣਜਾਰਾ : ਆਤਮਾਵਾਂ ਦੀ ਮੰਡੀ ਏਡੀ ਮੰਦੀ।

*(ਇਕ ਦੋ ਝੋਲ ਵਜਾਉਂਦੇ ਪੀਪਾ ਖੜਕਾਉਂਦੇ ਆਉਂਦੇ ਹਨ।)*

ਇਕ : ਮਾਲਕੋ, ਹੁਣ ਡਾਢੇ ਥੱਕੇ।

ਦੋ : ਨਾ ਕੋਈ ਵੱਲ ਸਾਡੇ ਤੱਕੇ।

ਇਕ : ਸਭ ਖਾਲਮ ਖਾਲੀ।

ਦੋ : ਜਿਵੇਂ ਰੋਟੀ ਬਿਨ ਥਾਲੀ।

ਸੌਦਾਗਰ : ਕੋਸ਼ਿਸ਼ ਕਰੋ।

ਵਣਜਾਰਾ : ਯਤਨ ਕਰੋ।

*(ਸੌਦਾਗਰ ਅਤੇ ਵਣਜਾਰੇ ਦਾ ਧਿਆਨ ਬੱਚਿਆਂ ਵੱਲ ਚਲੇ ਜਾਂਦਾ ਹੈ।)*

ਸੌਦਾਗਰ : ਇਹਨਾਂ ਬੱਚਿਆਂ 'ਤੇ ਮੈਨੂੰ ਤਰਸ ਆ ਰਿਹੈ।

ਵਣਜਾਰਾ : ਮੈਨੂੰ ਰਹਿਮ ਆ ਰਿਹੈ।

ਸੌਦਾਗਰ : (ਉੱਚੀ ਸਾਰੀ) ਬੱਚਿਓ ਰੋਟੀ ਲੈ ਲੋ।

ਵਣਜਾਰਾ : (ਉੱਚੀ ਸਾਰੀ) ਬੱਚਿਓ ਭੁੱਖ ਮਿਟਾ ਲੋ।

ਨਿੱਕਾ : ਅਸੀਂ ਦਾਨ ਨਹੀਂ ਲੈਣਾ।

ਗੁੱਗੀ : ਅਸੀਂ ਭਿੱਛਿਆ ਨਹੀਂ ਲੈਣੀ।

ਸੌਦਾਗਰ : ਫੇਰ ਥੋੜ੍ਹੀ ਜਿਹੀ ਆਤਮਾ ਦੇ ਦੇਵੋ।

ਵਣਜਾਰਾ : ਥੋੜ੍ਹੀ ਜਿਹੀ ਜ਼ਮੀਰ ਵੇਚ ਦੇਵੋ।

*(ਆਪਸ ਵਿਚ ਸਲਾਹ ਕਰਦੇ ਹਨ)*

ਨਿੱਕਾ : ਭੈਣ ਥੋੜ੍ਹੀ ਜਿਹੀ ਆਤਮਾ ਵੇਚ ਦੇਈਏ ਤੇ ਰੋਟੀ ਲੈ ਲਈਏ।

ਗੁੱਗੀ : ਆਹੋ ਭੁੱਖ ਮਿਟਾ ਲਈਏ।

*(ਬੱਚੇ ਸੌਦਾਗਰਾਂ ਦੇ ਨੇੜੇ ਜਾਂਦੇ ਹਨ।)*

ਨਿੱਕਾ : ਸੌਦਾਗਰ ਜੀ, ਥੋੜ੍ਹੀ ਜਿਹੀ ਆਤਮਾ ਲੈ ਲਵੋ, ਤੇ ਰੋਟੀ ਦੇ ਦੇਵੋ।

ਗੁੱਗੀ : ਥੋੜ੍ਹੀ ਜਿਹੀ ਜ਼ਮੀਰ ਲੈ ਲਵੋ ਤੇ ਟੁੱਕੜ ਦੇ ਦੇਵੋ।

ਸੌਦਾਗਰ : ਇਕ ਹੱਥ ਦੇਵੋ।

ਵਣਜਾਰਾ : ਦੂਜੇ ਹੱਥ ਲਵੋ।

*(ਉਹ ਦੋਵੇਂ ਚੁੱਕਣ ਲੱਗਦੇ ਹਨ, ਪਰ ਬੜੀਆਂ ਹੀ ਭਾਰੀਆਂ ਹਨ, ਇਹੋ ਸਭ ਕੁਝ ਮੂਕ ਐਕਸ਼ਨ ਵਿਚ ਹੈ।)*

ਸੌਦਾਗਰ : ਬੜੀ ਹੀ ਭਾਰੀ।

ਵਣਜਾਰਾ : ਸਾਲਮ ਸਾਰੀ।

ਸੌਦਾਗਰ : ਨਾ ਇਹ ਵਿੰਗੀ।

ਵਣਜਾਰਾ : ਨਾ ਇਹ ਟੇਢੀ।

ਸੌਦਾਗਰ : ਬਿਲਕੁਲ ਖਾਲਸ।

ਵਣਜਾਰਾ : ਨਿਰੀ ਹੀ ਸ਼ੁੱਧ।

ਸੌਦਾਗਰ : ਨਾ ਇਹ ਖਾਲਮ ਖ਼ਾਲੀ।

ਵਣਜਾਰਾ : ਨਾ ਇਹ ਜਾਲੋ ਜਾਲੀ।

ਸੌਦਾਗਰ : ਨਾ ਇਹ ਘੁਣ ਖਾਧੀ।

ਵਣਜਾਰਾ : ਨਾ ਇਹ ਕੀੜੇ ਮਾਰੀ।

ਸੌਦਾਗਰ : ਇਹਦਾ ਮੁੱਲ ਤਾਂ ਬਹੁਤਾ ਸਾਰਾ।

ਵਣਜਾਰਾ : ਇਹਦਾ ਮੁੱਲ ਤਾਂ ਵੱਡਾ ਸਾਰਾ।

ਸੌਦਾਗਰ : ਰੋਟੀ ਦੇਈਏ ਮਗਰੋਂ ਲਾਹੀਏ।

ਵਣਜਾਰਾ : ਟੁੱਕੜ ਦੇਈਏ ਜਾਨ ਛੁਡਾਈਏ।

*(ਬੱਚਿਆਂ ਨੂੰ ਥੈਲੇ ਵਿਚੋਂ ਰੋਟੀਆਂ ਦੇ ਟੁੱਕੜ ਕੱਢ ਦੇਂਦੇ ਹਨ ਤੇ ਉਹ ਬਹਿ ਕੇ ਖਾਣ ਲੱਗ ਪੈਂਦੇ ਹਨ, ਮਾਂ ਆਉਂਦੀ ਹੈ ਇਧਰ ਉਧਰ ਬੱਚਿਆਂ ਨੂੰ ਵੇਖਦੀ ਹੈ ਪਰ ਸੌਦਾਗਰ ਤੇ ਵਣਜਾਰੇ ਕੋਲ ਬੱਚੇ ਵੇਖ ਕੇ ਉਹਦੀ ਚੀਕ ਨਿਕਲ ਜਾਂਦੀ ਹੈ।)*

ਔਰਤ : ਨਹੀਂ, ਬੱਚਿਆ ਮੇਰਿਆਂ ਨੂੰ ਛੱਡ ਦੇਵੋ।

ਸੌਦਾਗਰ : ਕਿਹੜੇ ਬੱਚੇ ?

ਵਣਜਾਰਾ : ਕਿਸਦੇ ਬੱਚੇ ?

ਔਰਤ : ਕੁੱਖੋਂ ਜਾਏ ਮੇਰੇ ਬੱਚੇ ?

ਸੌਦਾਗਰ : (ਤਨਜ਼ੀਆ) ਇਹਦੇ ਬੱਚੇ ?

ਵਣਜਾਰਾ : ਹਾਂ ਇਸਦੇ ਬੱਚੇ ?

ਸੌਦਾਗਰ : ਕਿਉਂ ਬੱਚਿਓ ਇਹ ਤੁਹਾਡੀ ਮਾਂ ?

ਵਣਜਾਰਾ : ਕਹੋ ਬੱਚਿਓ ਹਾਂ ਜਾਂ ਨਾਂ।

*(ਮਾਂ ਉਹਨਾਂ ਨੂੰ ਮੂਕ ਐਕਸ਼ਨ ਵਿਚ ਹਾਂ ਕਹਿਣ ਲਈ ਪ੍ਰੇਰਦੀ ਹੈ ਪਰ ਉਹ ਸਿਰ ਹਿਲਾ ਦੇਂਦੇ ਹਨ।)*

ਔਰਤ : ਇਹ ਮਾਂ ਭੁੱਲੇ।
ਜਨਣੀ ਭੁੱਲੇ।
ਤੁਸੀਂ ਆਤਮਾ ਦੇ ਹੱਤਿਆਰੇ।
ਤੁਸੀਂ ਮੌਤ ਦੇ ਵਣਜਾਰੇ।

ਸੌਦਾਗਰ : ਇਹ ਤੈਨੂੰ ਮਿਲ ਸਕਦੇ ਨੇ।

ਵਣਜਾਰਾ : ਤੂੰ ਇਹਨਾਂ ਨੂੰ ਲੈ ਸਕਦੀ ਏਂ।

ਔਰਤ : ਕਿਵੇਂ ?

ਸੌਦਾਗਰ : ਜੇਕਰ ਤੂੰ ਜ਼ਮੀਰ ਦਾ ਸੌਦਾ ਕਰ ਦੇਵੇਂ।

ਵਣਜਾਰਾ : ਜੇਕਰ ਤੂੰ ਆਤਮਾ ਵੇਚ ਦੇਵੇਂ।

ਔਰਤ : ਨਹੀਂ ਮੈਂ ਇਹ ਨਹੀਂ ਕਰ ਸਕਦੀ।

ਸੌਦਾਗਰ : ਤੈਨੂੰ ਤੇਰੇ ਬੱਚੇ ਨਹੀਂ ਮਿਲ ਸਕਦੇ।

ਵਣਜਾਰਾ : ਹਾਂ, ਹਾਂ ਤੈਨੂੰ ਨਹੀਂ ਮਿਲ ਸਕਦੇ।

*(ਔਰਤ ਨਿਰਾਸ਼ ਹੋ ਕੇ ਹੁਣ ਲੋਕਾਂ ਵੱਲ ਮੁੜਦੀ ਹੈ।)*

ਔਰਤ : ਇਹ ਧਰਤੀ ਦੇ ਪੁੱਤਰੋ,
ਮਾਂਵਾਂ ਦੇ ਜਾਇਓ,
ਇਕ ਮਾਂ ਪੁਕਾਰੇ-ਮਾਂ ਜਿਦ੍ਹਾ, ਜਿਗਰਾ ਧਰਤੀ ਜਿੱਡਾ।
ਕਾਲ ਦੇ ਸੌਦਾਗਰ ਆਏ।
ਮੌਤ ਦੇ ਵਣਜਾਰੇ ਆਏ।
ਇਹਨਾਂ ਮੌਤ ਖਰੀਦੀ ਸੋਨਾ ਦਿੱਤਾ।
ਇਹਨਾਂ ਬਾਲ ਖਰੀਦੇ ਟੁੱਕੜ ਦਿੱਤਾ।
ਇਕ ਮਾਂ ਪੁਕਾਰੇ।
ਇਕ ਜਨਣੀ ਆਖੇ।
ਹੈ ਕੋਈ ਹਿੰਮਤਾਂ ਵਾਲਾ।
ਹੈ ਕੋਈ ਜਿਗਰੇ ਵਾਲਾ।
ਜੋ ਮਾਂ ਦੇ ਬੱਚੇ ਮਿਲਾਏ।
ਮਾਂ ਦਾ ਦੁੱਖ ਵੰਡਾਏ।
ਮਾਂ ਜਿਸਦਾ ਜਿਗਰਾ ਧਰਤੀ ਜਿੱਡਾ।

*(ਇਹ ਪੁਕਾਰ ਹੌਲੇ ਹੌਲੇ ਸਿਖਰ 'ਤੇ ਜਾਂਦੀ ਹੈ ਜਦੋਂ ਆਗਮਨ ਹੁੰਦਾ ਹੈ ਨੌਜਵਾਨ ਦਾ।)*

ਨੌਂਜਵਾਨ : (ਇਹ ਅਵਾਜ਼ ਗਰਜ ਵਾਂਗ ਹੈ)
ਕੌਣ ਏ
ਜਿਨ੍ਹੇ
ਜਵਾਨੀ ਨੂੰ ਪੁਕਾਰਿਆ
ਅਣਖਾਂ ਨੂੰ ਲਲਕਾਰਿਆ
ਹਿੰਮਤਾਂ ਨੂੰ ਵੰਗਾਰਿਆ।

ਔਰਤ : ਇਕ ਮਾਂ ਨੇ ਪੁਕਾਰਿਆ।
ਅਣਖਾਂ ਨੂੰ ਲਲਕਾਰਿਆ
ਹਿੰਮਤਾਂ ਨੂੰ ਵੰਗਾਰਿਆ।
ਕਾਲ ਦੇ ਸੌਦਾਗਰ ਆਏ
ਮੌਤ ਦੇ ਵਣਜਾਰੇ ਆਏ
ਇਹਨਾਂ ਅਣਖ ਖਰੀਦੀ, ਪੈਸਾ ਦਿੱਤਾ
ਇਹਨਾਂ ਆਤਮਾ ਖਰੀਦੀ, ਸੋਨਾ ਦਿੱਤਾ
ਇਹਨਾਂ ਬਾਲ ਖਰੀਦੇ, ਟੁੱਕੜ ਦਿੱਤਾ।
ਹੈ ਕੋਈ ਅਣਖਾਂ ਵਾਲਾ ਜਿਹੜਾ ਮਾਂ ਦਾ ਦੁੱਖ ਵੰਡਾਏ।
ਮਾਂ ਜਿਸਦਾ ਜਿਗਰਾ ਧਰਤੀ ਜਿੱਡਾ।

*(ਢੰਡੋਰਚੀ ਆਉਂਦੇ ਹਨ।)*

ਇਕ : ਜ਼ਮੀਰ ਦੇ ਸੌਦਾਗਰ ਆਏ।
ਦੋ : ਆਤਮਾ ਦੇ ਵਣਜਾਰੇ ਆਏ।
ਇਕ : ਜ਼ਮੀਰ ਵੇਚੋ, ਸੋਨਾ ਲਵੋ।
ਦੋ : ਆਤਮਾ ਵੇਚੋ, ਪੈਸਾ ਲਵੋ।

ਨੌਂਜਵਾਨ : (ਚਣੌਤੀ ਭਰੀ ਆਵਾਜ਼ ਵਿਚ)
ਓਏ ਆਤਮਾ ਦੇ ਵਣਜਾਰਿਓ
ਓਏ ਜ਼ਮੀਰਾਂ ਦੇ ਸੌਦਾਗਰੋ।

ਸੌਦਾਗਰ : ਕੌਣ ਹੈ ਭਾਈ ?
ਵਣਜਾਰਾ : ਕਿਸਨੇ ਬੁਲਾਇਆ ?

ਨੌਂਜਵਾਨ : ਸੱਚ ਲੈ ਕੇ ਸੱਚ ਵਾਲਾ ਆਇਆ।
ਜ਼ਮੀਰਾਂ ਦਾ ਮਤਵਾਲਾ ਆਇਆ।
ਕੀ ਮੁੱਲ ਦੇਣਾ ?

ਸੌਦਾਗਰ : ਚੀਜ਼ ਵੇਖਾਂਗੇ, ਮੁੱਲ ਦਿਆਂਗੇ।
ਵਣਜਾਰਾ : ਚੀਜ਼ ਵੇਖਾਂਗੇ, ਸੌਦਾ ਕਰਾਂਗੇ।
ਨੌਂਜਵਾਨ : ਤੁਸੀਂ ਚਤੁਰ ਸੌਦਾਗਰ।

ਤੁਸੀਂ ਨਿਪੁੰਨ ਵਣਜਾਰੇ।
ਚੀਜ਼ ਤਾਂ ਇਹ ਸਾਦਮ ਸਾਦੀ।
ਵਲ ਫ਼ਰੇਬ ਦੇ ਨਾ ਲਾਗੇ ਜਾਂਦੀ।
ਜ਼ੁਲਮਾਂ ਅੱਗੇ ਇਹ ਨਾ ਝੁੱਕਦੀ।
ਤੂਫ਼ਾਨਾਂ ਸਾਹਵੇਂ ਇਹ ਨਾ ਰੁੱਕਦੀ।
ਫੜ ਧੌਣੋਂ ਅਨਿਆਂ ਨੂੰ ਥੱਲੇ ਸੁੱਟਦੀ।
ਬਸ ਸਿਫ਼ਤਾਂ ਦੀ ਗੱਲ ਇਥੇ ਮੁੱਕਦੀ।

ਸੌਦਾਗਰ : ਇਹ ਤਾਂ ਬੜੀ ਅਖੜ ਚੀਜ਼।

ਵਣਜਾਰਾ : ਇਹ ਤਾਂ ਬੜੀ ਗੁਸਤਾਖ਼ ਵਸਤੂ।

ਨੌਜਵਾਨ : ਅੱਖੜ ਪਰ ਵਲ ਤੋਂ ਖ਼ਾਲੀ
ਊਸ਼ਾ ਪੀਵੇ ਇਹਦੀ ਲਾਲੀ
ਹਰ ਯੁੱਗ ਵਿਚ
ਸ਼ਮ੍ਹਾਂ-ਏ ਜੀਵਨ ਜਿਸਨੇ ਬਾਲੀ
ਨਾ ਲੈ ਇਸਦਾ
ਈਸਾ ਸੂਲੀ ਚੜ੍ਹਿਆ
ਸੁਕਰਾਤ ਆ ਕੇ ਹੱਥੀਂ
ਜ਼ਹਿਰ ਪਿਆਲਾ ਫੜਿਆ
ਬੈਠ ਅਰਜਨ ਗੁਰੂ
ਤੱਤੀ ਤਵੀ 'ਤੇ ਸੜਿਆ
ਭਗਤ ਸਰਦਾਰ ਸ਼ਹੀਦਾਂ ਦਾ
ਫਾਂਸੀ ਜਾ ਚੜ੍ਹਿਆ
ਜ਼ੁਲਮਾਂ ਅੱਗੇ ਇਹ ਨਾ ਝੁੱਕਦੀ
ਸਿਫ਼ਤਾਂ ਦੀ ਗਲ ਇਥੇ ਹੈ ਮੁੱਕਦੀ।

ਸੌਦਾਗਰ : ਅੱਖੜ ਪਰ ਵੈਲ ਤੋਂ ਖ਼ਾਲੀ ?

ਵਣਜਾਰਾ : ਸ਼ਮ੍ਹਾਂ-ਏ ਜੀਵਨ ਇਸਨੇ ਬਾਲੀ ?

ਨੌਜਵਾਨ : ਨਾ ਲੈ ਇਸਦਾ ਈਸਾ ਸੂਲੀ ਚੜ੍ਹਿਆ ਸੁਕਰਾਤ ਦੋਨੋਂ ਹੱਥੀਂ
ਪਿਆਲਾ ਜ਼ਹਿਰ ਦਾ ਫੜਿਆ
ਅਰਜਨ ਤੱਤੀ ਤਵੀ
ਬੈਠ ਜਾ ਸੜਿਆ
ਸਰਦਾਰ ਸ਼ਹੀਦਾਂ ਦਾ
ਭਗਤ ਸਿੰਘ ਨਾ ਫਾਂਸੀਓਂ ਡਰਿਆ।

ਸੌਦਾਗਰ : ਸ਼ਹੀਦਾਂ ਦੀ ਆਤਮਾ, ਕੀ ਇਹ ਵੀ ਵਿਕਣ ਨੂੰ ਆਏ ?

ਵਣਜਾਰਾ : ਸ਼ਹੀਦਾਂ ਦੀ ਜ਼ਮੀਰ, ਕੀ ਇਹ ਵੀ ਮੁੱਲ ਪਵਾਵੇ ?
ਨੌਜਵਾਨ : ਹਾਂ, ਜੇ ਕੋਈ ਮੁੱਲ ਹੈ ਪਾਵੇ।

*(ਉਹ ਹਾਲੇ ਸੋਚੀਂ ਪੈਂਦੇ ਹਨ ਕਿ ਸ਼ੈਤਾਨ ਦੀ ਪਿੱਛੋਂ ਗਰਜਵੀਂ ਆਵਾਜ਼ ਆਉਂਦੀ ਹੈ ਹਰ ਹਾਲਤ ਵਿਚ ਸੌਦਾ ਕਰੋ ਨਿੱਤ ਦਾ ਇਹ ਟੰਟਾ ਮੁਕਾਓ–ਜੇ ਇਹ ਆਤਮਾ ਆਪਣੀ, ਸਭ ਕੁਝ ਆਪਣਾ, ਧਰਤੀ ਆਪਣੀ ਅਕਾਸ਼ ਆਪਣਾ।)*

ਸੌਦਾਗਰ : ਕੀ ਮੁੱਲ ਲੈਣਾ ?
ਵਣਜਾਰਾ : ਕੀ ਮੁੱਲ ਲੈਣਾ ?
ਨੌਜਵਾਨ : ਕੀ ਮੁੱਲ ਦੇਣਾ ?
ਸੌਦਾਗਰ : ਸਾਰਾ ਸੋਨਾ।
ਵਣਜਾਰਾ : ਸਾਰਾ ਪੈਸਾ।
ਨੌਜਵਾਨ : ਪੈਸੇ ਨਾਲ ਨਾ ਇਹ ਹੈ ਵਿਕਦੀ।
ਸੋਨੇ ਨਾਲ ਨਾ ਇਹ ਹੈ ਤੁਲਦੀ।
ਸੌਦਾਗਰ : ਕੀ ਫੇਰ ਮੁੱਲ ਹੈ ਲੈਣਾ ?
ਵਣਜਾਰਾ : ਕੀ ਫੇਰ ਮੁੱਲ ਹੈ ਲੈਣਾ ?
ਨੌਜਵਾਨ : ਮਾਂ ਦੇ ਬੱਚੇ ਮਾਂ ਨੂੰ ਮਿਲਾਓ
ਸੋਨੇ ਵਿਛਿਆ ਜਾਲ ਉਠਾਓ
ਜੱਕੜੀਆਂ ਰੂਹਾਂ ਛੱਡੋ ਛੁਡਾਓ।
ਨਾ ਫੇਰ ਧਰਤੀ ਮੂੰਹ ਵਖਾਓ।
ਸੌਦਾਗਰ : ਇਹ ਤਾਂ ਕੋਈ ਮੂਰਖ ਆਪਣੇ ਲਈ ਕੁਝ ਨਾ ਮੰਗਦਾ।
ਵਣਜਾਰਾ : ਇਹ ਤਾਂ ਕੋਈ ਪਾਗ਼ਲ ਆਪਣੇ ਲਈ ਕੁਝ ਨਾ ਮੰਗਦਾ।
ਨੌਜਵਾਨ : ਈਸਾ ਨੂੰ ਵੀ ਲੋਕ ਪਗ਼ਲਾ ਆਖਣ
ਈਸਾ ਨੂੰ ਵੀ ਲੋਕ ਵੱਟੇ ਮਾਰਨ
ਪਗ਼ਲਿਆ ਦਾ ਕੰਮ
ਪਿਆਲੇ ਜ਼ਹਿਰ ਦੇ ਪੀ ਜਾਣਾ
ਪਗ਼ਲਿਆ ਦਾ ਕੰਮ
ਤੱਤੀਆਂ ਤਵੀਆਂ 'ਤੇ ਬਹਿ ਜਾਣਾ
ਪਗ਼ਲਿਆ ਦਾ ਕੰਮ ਰੱਸੇ ਫਾਂਸੀ ਦੇ ਚੁੰਮ ਜਾਣਾ
ਪਗ਼ਲੇ ਆਖਣ
ਅਸੀਂ ਹਾਂ ਮਰਦੇ
ਸੱਚ ਨੇ ਅਮਰ ਹੈ ਰਹਿ ਜਾਣਾ।
ਕਿਉਂ ਹੈ ਸੌਦਾ ਮਨਜ਼ੂਰ ?

ਸੌਦਾਗਰ : ਹੈ ਸੌਦਾ ਸਾਨੂੰ ਮਨਜ਼ੂਰ।
ਵਣਜਾਰਾ : ਹੈ ਸੌਦਾ ਸਾਨੂੰ ਮਨਜ਼ੂਰ।
ਨੌਜਵਾਨ : ਇਕ ਹੱਥ ਦੇਵੋ, ਇਕ ਹੱਥ ਲਵੋ।
ਸੌਦਾਗਰ : ਪਹਿਲਾਂ ਇਕ ਤਖਤ ਲਿਆਓ।
ਵਣਜਾਰਾ : ਕਾਲੀ ਇਕ ਚਾਦਰ ਵਿਛਾਓ।
ਸੌਦਾਗਰ : ਸੌਦਾ ਹੋਵੇ ਤਾਂ ਇਹੋ ਜਿਹਾ।
ਵਣਜਾਰਾ : ਵਣਜ ਹੋਵੇ ਤਾਂ ਇਹੋ ਜਿਹਾ।

*(ਨੌਜਵਾਨ ਉਸ ਤਖਤ 'ਤੇ ਬੈਠ ਜਾਂਦਾ ਹੈ।)*

ਨੌਜਵਾਨ : ਮਾਂ ਨੂੰ ਬਾਲਾਂ ਨਾਲ ਮਿਲਾਓ।

*(ਥੈਲੇ ਵਿਚੋਂ ਆਤਮਾ ਵਾਪਸ ਕਰਦੇ ਹਨ, ਬੱਚੇ ਮਾਂ ਵੱਲ ਵਧਦੇ ਹਨ।)*

*(ਇਕ ਅਦੁੱਤੀ ਦ੍ਰਿਸ਼।)*

ਨੌਜਵਾਨ : ਜਕੜੀਆਂ ਰੂਹਾਂ, ਛੱਡੋ ਛੁਡਾਓ।

*(ਦੋਨੋਂ ਢੰਡੋਰਚੀ ਢੋਲ ਅਤੇ ਪੀਪਾ ਸੁੱਟਣੇ ਹਨ, ਮੂਕ ਐਕਸ਼ਨ ਵਿਚ ਆਜ਼ਾਦੀ ਦਾ ਪ੍ਰਭਾਵ ਦੇਂਦੇ ਹਨ।)*

ਨੌਜਵਾਨ : ਸੋਨੇ ਦਾ ਜਾਲ ਹਟਾਓ।
ਸੌਦਾਗਰ : ਸਭ ਮਨਜ਼ੂਰ, ਸਭ ਮਨਜ਼ੂਰ।
ਵਣਜਾਰਾ : ਸਭ ਮਨਜ਼ੂਰ, ਸਭ ਮਨਜ਼ੂਰ।

*(ਨੌਜਵਾਨ ਲੇਟ ਜਾਂਦਾ ਹੈ, ਉਹਦੀ ਆਤਮਾ ਦੀਆਂ ਮੁੱਠੀਆਂ ਭਰ ਭਰ ਉਹ ਥੈਲੇ ਵਿਚ ਪਾਈ ਜਾਂਦੇ ਹਨ ਪਹਿਲੇ ਹੌਲੀ ਤੇ ਫੇਰ ਤੇਜ਼ ਫੇਰ ਭਾਜੜ ਵਿਚ ਹਫਕੇ ਡਿੱਗ ਪੈਂਦੇ ਹਨ ਫੇਰ ਉੱਠਦੇ ਨੇ ਫੇਰ ਝੋਲੀਆਂ ਭਰਦੇ ਹਨ ਤੇ ਮਾਂ ਤੇ ਇਕ ਅਤੇ ਦੋ, ੳ ਅਤੇ ਅ ਸਭ ਦੇ ਚਿਹਰਿਆਂ 'ਤੇ ਦਰਦ ਅਤੇ ਮਜ਼ਬੂਰੀ ਦੇ ਪ੍ਰਭਾਵ ਹਨ।)*

ਸੌਦਾਗਰ : ਉਠ ਨੌਜੁਆਨ।
ਵਣਜਾਰਾ : ਤੂੰ ਹੁਣ ਗੁਲਾਮ ਸਾਡਾ।
ਸੌਦਾਗਰ : ਤੇਰੀ ਆਤਮਾ ਸਾਡੀ।
ਵਣਜਾਰਾ : ਤੇਰੀ ਜ਼ਮੀਰ ਸਾਡੀ।
ਸੌਦਾਗਰ : ਪਰ ਇਹ ਉੱਠਦਾ ਕਿਉਂ ਨਹੀਂ ?
ਵਣਜਾਰਾ : ਠੁੱਡਾ ਮਾਰੋ।
ਸੌਦਾਗਰ : ਹੈਂ, ਇਸਦਾ ਸਰੀਰ ਠੰਡਾ ਹੋ ਗਿਆ।
ਵਣਜਾਰਾ : ਇਹ ਤਾਂ ਕੂਚ ਕਰ ਗਿਆ।

ਸੌਦਾਗਰ : ਇਹ ਕੀ ਹੋਇਆ ?
ਵਣਜਾਰਾ : ਇਹ ਕਿਵੇਂ ਹੋਇਆ ?
ਔਰਤ : ਮੈਂ ਦੱਸਦੀ ਹਾਂ, ਕਿਵੇਂ ਹੋਇਆ ?
ਸੌਦਾਗਰ : ਕਿਵੇਂ ਹੋਇਆ ?
ਵਣਜਾਰਾ : ਕਿਵੇਂ ਹੋਇਆ ?
ਔਰਤ : ਸਰੀਰ ਕੁਝ ਹਲ ਐਸੇ ਹੁੰਦੇ।
ਆਤਮਾ ਬਿਨ ਨਾ ਜੀਣਾ ਚਾਹੁੰਦੇ।
ਸੌਦਾਗਰ : ਅਸੀਂ ਤਾਂ ਲੁੱਟੇ ਗਏ।
ਸੌਦਾਗਰ : ਲੋਕੋ ਅਸੀਂ ਲੁੱਟੇ ਗਏ।
ਵਣਜਾਰਾ : ਲੋਕੋ ਅਸੀਂ ਠੱਗੇ ਗਏ।

*(ਪਰ ਲੋਕ ਹੁਣ ਉਹਨਾਂ ਵੱਲ ਵੱਟੇ ਚੁੱਕਦੇ ਮਾਰਦੇ ਹਨ। ਵੱਟਿਆ ਤੋਂ ਬਚਦੇ ਉਹ ਆਪਣਾ ਸਾਜ਼ੋ ਸਮਾਨ ਸਾਂਭਦੇ ਹਨ।)*

ਸੌਦਾਗਰ : ਘਰੋਂ ਘਰ ਗਵਾਇਆ।
ਵਣਜਾਰਾ : ਬਾਹਰੋਂ ਭੱੜਵਾ ਅਖਵਾਇਆ।

*(ਸਿਰ 'ਤੇ ਪੈਰ ਰੱਖ ਕੇ ਨੱਸ ਜਾਂਦੇ ਹਨ। ਲੋਕ ਤੇ ਬੱਚੇ ਨੌਜਵਾਨ ਦੇ ਸਰੀਰ ਤੇ ਫੁੱਲ ਸੁੱਟਦੇ ਹਨ।)*

ਨਿੱਕੀ : ਮਾਂ ਇਹ ਕਿੱਸਾ ਕੀ ਹੋਇਆ ?
ਗੁੱਗੀ : ਮਾਂ ਇਹ ਕਹਾਣੀ ਕੀ ਹੋਈ ?
ਔਰਤ : ਬੱਚਿਓ, ਕੁਝ ਲੋਕ ਹਰ ਯੁੱਗ ਵਿਚ ਆਉਂਦੇ,
ਉਹ ਜੀਵਨ ਨੂੰ
ਜੀਵਨ ਜੋਗ ਬਣਾਉਂਦੇ
ਜੀਵਨ ਦਾ ਇਹ ਰਹਿਸ ਹੈ ਬੱਚਿਓ।
ਜੀਵਨ ਦਾ ਇਹ ਭੇਤ ਹੈ ਬੱਚਿਓ।